**International Journal of Multidisciplinary Research and Development**
**Online ISSN: 2349-4182 Print ISSN: 2349-5979**
**www.allsubjectjournal.com**
**Volume 3; Issue 2; February 2016; Page No. 18-20**

# ਸਾਹਿਤ-ਸੰਵਾਦ ਦੀ ਪਰਕਿਰਤੀ (ਲੇਖਕ-ਪਾਠਕ-ਆਲੋਚਕ ਦੇ ਸੰਦਰਭ ਵਿਚ)

**ਡਾ. ਉਮਿੰਦਰ ਜੌਹਲ**

ਐਸੋਸੀਏਟ ਪ੍ਰੋਫੈਸਰ, ਦੁਆਬਾ ਕਾਲਜ, ਜਲੰਧਰ।

**ਤੱਤਸਾਰ**

ਸਾਹਿਤ ਸ਼ਬਦਾਂ ਦੀ ਕਲਾ ਹੈ। ਕਲਾ ਦਾ ਕਰਮ ਯਥਾਰਥ ਨਾਲ ਸੰਵਾਦ ਵਿਚ ਆਰੰਭ ਹੁੰਦਾ ਹੈ ਅਤੇ ਇਹ ਸੰਵਾਦ ਕਲਾ ਦਾ ਆਧਾਰ ਬਣਦਾ ਹੈ। ਸਾਹਿਤ-ਕਲਾ ਸ਼ਬਦਾਂ ਰਾਹੀਂ ਸਾਹਮਣੇ ਆਉਂਦੀ ਹੈ, ਇਸ ਲਈ ਸਾਹਿਤ-ਕਲਾ ਦੀ ਸਮੁੱਚੀ ਸੰਵਾਦ-ਪਰਕਿਰਿਆ ਸ਼ਬਦ-ਕੇਂਦਰਿਤ ਪਰਕਿਰਿਆ ਹੈ। ਸ਼ਬਦ ਮੁੱਢਲੇ ਮਾਨਵੀ ਸੰਚਾਰ ਦਾ ਵੀ ਸਿਖਰ ਹੈ ਅਤੇ ਸ਼ਬਦ ਸਾਹਿਤ ਦਾ ਮਾਧਿਅਮ ਹੋਣ ਕਾਰਨ ਇਕੋ ਸਮੇਂ ਸੰਚਾਰ ਅਤੇ ਸਿਰਜਣ ਵਿਚ ਬੱਝ ਕੇ ਸਾਹਿਤ-ਕਲਾ ਦਾ ਮਾਧਿਅਮ ਵੀ ਬਣਦਾ ਹੈ। ਸਾਹਿਤ ਨੂੰ ਸਮਝਣ ਲਈ ਇਸੇ ਲਈ ਸ਼ਬਦਾਂ ਦੀ ਸੰਚਾਰੀ ਅਤੇ ਸਿਰਜਣ ਸਮਰੱਥਾ ਦੀ ਥਾਹ ਪਾਉਣੀ ਪੈਂਦੀ ਹੈ। ਇਹ ਥਾਹ ਪਾਉਣ ਦਾ ਅਮਲ ਹੀ ਸੰਵਾਦ ਹੈ। ਸਾਹਿਤ ਕਿਸ ਤਰ੍ਹਾਂ ਯਥਾਰਥ ਨਾਲ ਅਤੇ ਫਿਰ ਪਾਠ-ਸੰਸਾਰ ਨਾਲ ਸੰਵਾਦ ਵਿਚ ਨਿਭਦਾ ਹੈ, ਇਸੇ ਵਿਚੋਂ ਸਾਹਿਤ ਦੀ ਜੀਵਨ ਪ੍ਰਤੀ ਪ੍ਰਤੀਬੱਧਤਾ ਸਾਹਮਣੇ ਆ ਸਕਦੀ ਹੈ। ਸਾਹਿਤ-ਸੰਵਾਦ ਦੀ ਪਰਕਿਰਤੀ ਦਾ ਲੇਖਕ, ਪਾਠਕ ਅਤੇ ਆਲੋਚਕ ਦੀ ਨਜ਼ਰ ਤੋਂ ਅਧਿਐਨ ਸਾਹਿਤ-ਸੰਵਾਦ ਨੂੰ ਭਰਪੂਰਤਾ ਵਿਚ ਸਾਹਮਣੇ ਲਿਆ ਸਕਦਾ ਹੈ। ਲੇਖਕ ਦੀ ਜੀਵਨ-ਪਹੁੰਚ ਦਾ ਸਾਕਾਰ ਸਰੂਪ ਰਚਨਾ ਹੁੰਦੀ ਹੈ ਜੋ ਪਾਠਕ ਲਈ ਜੀਵਨ-ਸੇਧ ਦਾ ਆਧਾਰ ਬਣ ਸਕਦੀ ਹੈ ਅਤੇ ਆਲੋਚਕ ਲਈ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ਾ ਬਣਦੀ ਹੈ। ਇਸ ਲਈ ਸਾਹਿਤ-ਸੰਵਾਦ ਨੂੰ ਲੇਖਕ, ਪਾਠਕ ਅਤੇ ਆਲੋਚਕ ਦੇ ਸੰਦਰਭਾਂ ਵਿਚ ਦੇਖਣ ਦੀ ਲੋੜ ਹੈ।

**ਮੂਲ-ਸੰਕਲਪ:** ਸਾਹਿਤ, ਸੰਚਾਰ, ਸੰਵਾਦ, ਸਿਰਜਣ-ਅਮਲ.

ਸਾਹਿਤ-ਕਲਾ ਦੇ ਖੇਤਰ ਦੀਆਂ ਇਹ ਤਿੰਨੋਂ ਧਿਰਾਂ ਲੇਖਕ, ਪਾਠਕ ਅਤੇ ਆਲੋਚਕ ਮਨੁੱਖੀ-ਸੂਝ ਦੇ ਮੁੱਢਲੇ ਪੜਾਵਾਂ ਤੋਂ ਹੀ ਚਰਚਾ ਦਾ ਕੇਂਦਰ ਰਹੀਆਂ ਹਨ ਕਿਉਂਕਿ ਇਨ੍ਹਾਂ ਤਿੰਨਾਂ ਧਿਰਾਂ ਦੀ ਸਾਹਿਤ ਪ੍ਰਤੀ ਪਹੁੰਚ ਹੀ ਅਸਲ ਵਿਚ ਸਾਹਿਤ ਦੇ ਨਕਸ਼ ਘੜ ਅਤੇ ਨਿਖ਼ਾਰ ਸਕਦੀ ਹੈ। ਸਾਹਿਤ-ਕਲਾ ਉਦੋਂ-ਉਦੋਂ ਹੀ ਆਪਣੀ ਸਿਰਜਣਾਤਮਿਕਤਾ ਦਾ ਸ਼ਿਖ਼ਰ ਸਿਰਜੇਗੀ ਜਦੋਂ-ਜਦੋਂ ਲੇਖਕ-ਪਾਠਕ ਅਤੇ ਆਲੋਚਕ ਆਪਣੀ ਸਾਹਿਤ ਪ੍ਰਤੀ ਵਚਨਬੱਧਤਾ ਨੂੰ ਵਫ਼ਾਦਾਰੀ ਨਾਲ ਨਿਭਾਉਣਗੇ।

ਲੇਖਕ, ਪਾਠਕ ਅਤੇ ਆਲੋਚਕ ਵਿਸ਼ੇ-ਖੇਤਰ ਵਿਚਲੀਆਂ ਤਿੰਨੇ ਧਿਰਾਂ ਦੀ ਕਾਰਜਸ਼ੀਲਤਾ ਵੱਖੋ-ਵੱਖ ਪਰਕਿਰਤੀ ਦੀ ਧਾਰਨੀ ਹੋਣ ਦੇ ਬਾਵਜੂਦ ਗਹਿਰੀ ਅੰਤਰ-ਸੰਬੰਧਤ ਪਰਕਿਰਤੀ ਨੂੰ ਹੰਢਾਉਂਦੀ ਹੈ। ਲੇਖਕ, ਪਾਠਕ ਅਤੇ ਆਲੋਚਕ ਵਿਚਲਾ ਸੰਚਾਰ-ਸਿਲਸਿਲਾ ਇਨ੍ਹਾਂ ਤਿੰਨਾਂ ਧਿਰਾਂ ਦੀ ਸਾਂਝੀ ਪਰਕਿਰਤੀ ਰਾਹੀਂ ਹੀ ਆਪਣੇ ਸ਼ੁੱਧ-ਸਰੂਪ ਨੂੰ ਸੰਚਾਰਤ ਕਰਦਾ ਹੈ। ਪਰ ਕਿਤੇ-ਕਿਤੇ ਇਸ ਸੰਚਾਰ ਵਿਚ ਪੈਦਾ ਹੁੰਦੀ ਦਰਾੜ ਲੇਖਕ, ਪਾਠਕ ਅਤੇ ਆਲੋਚਕ ਦੇ ਵਿਸ਼ੇ ਨੂੰ ਮੁੜ ਸੰਵਾਦ ਦੀ ਸਥਿਤੀ ਵਿਚ ਲੈ ਆਉਂਦੀ ਹੈ।

ਕਿਸੇ ਸਾਹਿਤ ਦੇ ਸੰਚਾਰ-ਸਿਲਸਿਲੇ ਵਿਚ ਲੇਖਕ ਅਤੇ ਪਾਠਕ ਆਪਣੀ ਮੁੱਢਲੀ ਪੱਧਰ ’ਤੇ ਉਵੇਂ ਹੀ ਇਕ ਦੂਜੇ ਦੇ ਪੂਰਕ ਅਤੇ ਅੰਤਰ-ਸੰਬੰਧਤ ਹਨ ਜਿਵੇਂ ਆਮ-ਵਿਹਾਰਕ ਗੱਲਬਾਤ ਨੂੰ ਸਿਰੇ ਚਾੜ੍ਹਦਾ ਕੋਈ ਭਾਸ਼ਾਈ ਬੁਲਾਰਾ ਅਤੇ ਭਾਸ਼ਾਈ-ਪਾਠ ਨੂੰ ਗ੍ਰਹਿਣ ਕਰਦਾ ਸਰੋਤਾ। ਪਰ ਸਾਹਿਤ-ਸੰਚਾਰ ਕਦੇ ਵੀ ਵਿਹਾਰਕ-ਸੰਚਾਰ ਜਿਹੀ ਇਕਹਿਰੀ ਪਰਕਿਰਤੀ ਜਿਹਾ ਸਰਲ-ਸਾਦਾ ਨਹੀਂ ਹੁੰਦਾ। ਸਾਹਿਤ-ਪਾਠ ਦੀ ਸੰਚਾਰ-ਜੁਗਤ ਆਪਣੀ ਸਾਹਿਤ-ਪਰੰਪਰਾ ਦੇ ਸੰਦਰਭ ਵਿਚ ਵੱਖਰੀ ਸੰਚਾਰਿਤ-ਪਰਕਿਰਤੀ ਨੂੰ ਹੰਢਾਉਂਦੀ ਹੈ।

ਲੇਖਕ ਨੇ ਸਾਹਿਤ-ਰਚਨਾ ਤਾਂ ਪਾਠਕ ਲਈ ਕਰਨੀ ਹੁੰਦੀ ਹੈ ਪਰ ਜ਼ਰੂਰੀ ਨਹੀਂ ਕਿ ਲੇਖਕ ਪਾਠਕ ਦੀ ਹਰ ਮੰਗ ਪੂਰੀ ਕਰਨ ਲਈ ਆਪਣੀ ਸਿਰਜਣਾਤਮਕਤਾ ਦੇ ਫੁਲ ਅਰਪਤ ਕਰਨ ਦੀ ਚਿੰਤਾ ਵਿਚੋਂ ਰਚਨਾ ਦਾ ਸਿਰਜਣ ਕਰੇ। ਅਜਿਹੀ ਸਥਿਤੀ ਵਿਚ ਪਾਠਕ ਅਤੇ ਲੇਖਕ ਵਿਚਕਾਰ ਸਾਹਿਤ-ਵਸਤੂ ਜਾਂ ਪੇਸ਼ਕਾਰੀ ਦੇ ਵਖਰੇਵੇਂ ਕਾਰਨ ਸੰਚਾਰ-ਸਿਲਸਿਲਾ ਡਾਂਵਾਡੋਲ ਸਥਿਤੀ ਨੂੰ ਭੋਗਤਾ ਹੈ। ਕਈ ਵਾਰ ਪਾਠਕ ਦੀ ਪਹੁੰਚ ਰਚਨਾ-ਵਸਤੂ ਤੱਕ ਨਾ ਹੋਣ ਕਾਰਨ ਲੇਖਕ ਦੁਆਰਾ ਲਿਖੀ ਕਿਰਤ ਸਾਹਿਤ-ਪਰੰਪਰਾ ਵਿਚ ਤਾਂ ਮੌਲਿਕ ਅਖਵਾਉਂਦੀ ਹੈ ਪਰ ਆਪਣੇ (ਬਹੁ-ਗਿਣਤੀ) ਪਾਠਕ-ਵਰਗ ਦੀ ਪਕੜ ਤੋਂ ਬਾਹਰ ਹੁੰਦੀ ਹੈ ਅਤੇ ਇਸੇ ਤਰ੍ਹਾਂ ਕਈ ਵਾਰ ਕੋਈ ਰਚਨਾ ਸਾਹਿਤ ਪਰੰਪਰਾ ਵਿਚ ਆਪਣੀ ਵਿਲੱਖਣ ਹੋਂਦ ਸਥਾਪਿਤ ਨਹੀਂ ਕਰ ਪਾਉਂਦੀ ਪਰ ਪਾਠਕ ਉਸੇ ਰਚਨਾ ਤੋਂ ਕੁਝ ਅਜਿਹੇ ਅਰਥ ਨੂੰ ਖੋਜ ਲੈਂਦਾ ਹੈ ਜੋ ਉਸ ਦੀ ਸੁਹਜ-ਭੁੱਖ ਦੀ ਤ੍ਰਿਪਤੀ ਪੂਰਨ ਰੂਪ ਵਿਚ ਕਰਦੇ ਹਨ। ਲੇਖਕ-ਪਾਠਕ ਦਾ ਇਹ ਦਵੰਦਾਤਮਿਕ ਰਿਸ਼ਤਾ ਦੋਵਾਂ ਵਰਗਾਂ ਦੇ ਅਨੁਭਵ ਦੀ ਭਿੰਨਤਾ ਦੀ ਭੇਟਾ ਚੜ੍ਹਦਾ ਜਾਪਦਾ ਹੈ ਪਰ ਸਿਰਜਣਾਤਮਿਕਤਾ ਦੇ ਸੰਦਰਭ ਵਿਚ ਵੇਖੀਏ ਤਾਂ ਲੇਖਕ ਨੇ ਨਵੇਂ ਅਨੁਭਵ ਰਾਹੀਂ ਅਤੇ ਨਵੀਆਂ ਸਾਹਿਤ-ਜੁਗਤਾਂ ਰਾਹੀਂ ਇਕ ਨਵੀਂ ਸਿਰਜਣਾ ਕਰਨੀ ਹੁੰਦੀ ਹੈ, ਜਿਸ ਦੀ ਜੜ੍ਹ ਪਰੰਪਰਾ ਵਿਚ ਅਤੇ ਝੋਦੀ ਦੀ ਦਿਸ਼ਾ ਸਿਰਜਣਾਤਮਮਿਕਤਾ ਦੇ ਦਿਸਹੱਦਿਆਂ ਵੱਲ ਹੁੰਦੀ ਹੈ। ਪਰ ਦਵੰਦ ਇਹ ਹੈ ਕਿ ਕਈ ਵਾਰ ਨਵਾਂ ਅਨੁਭਵ ਜਦ ਨਵੀਂ ਜੁਗਤ ਰਾਹੀਂ ਨਵੇਂ ਰਚਨਾ-ਰੂਪ ਵਜੋਂ ਪ੍ਰਸਤੁਤ ਹੁੰਦਾ ਹੈ ਤਾਂ ਪਾਠਕ ਦੀ ਗ੍ਰਹਿਣ-ਯੋਗਤਾ ਵਿਚ ਕਿਸੇ ਪੱਧਰ ’ਤੇ ਵੀ ਪੂਰਾ ਨਹੀਂ ਉਤਰਦਾ ਜਦ ਕਿ ਆਲੋਚਕ-ਧਿਰ ਦੀ ਦ੍ਰਿਸ਼ਟੀ ਅਨੁਸਾਰ ਅਜਿਹੀ ਸਿਰਜਣਾ ਹੀ ਸਾਹਿਤ ਦੇ ਖੇਤਰ ਦੇ ਨਵੇਂ ਸਿਰਜਣ-ਅੰਦਾਜ਼ ਨੂੰ ਰੂਪਮਾਨ ਕਰਦੀ ਹੈ।

ਇਸ ਦ੍ਰਿਸ਼ਟੀ ਤੋਂ ਵਰਿਆਮ ਸੰਧੂ ਦੀ ਕਹਾਣੀ ‘ਮੈਂ ਹੁਣ ਠੀਕ-ਠਾਕ ਹਾਂ’ ਦਾ ਜ਼ਿਕਰ ਆਰੰਭਿਆ ਜਾ ਸਕਦਾ ਹੈ। ਇਸ ਕਹਾਣੀ ਸੰਬੰਧੀ ਪਰਸਪਰ ਵਿਰੋਧੀ ਵਿਚਾਰ ਲੇਖਕਾਂ, ਪਾਠਕਾਂ ਅਤੇ ਆਲੋਚਕਾਂ ਵੱਲੋਂ ਪ੍ਰਗਟਾਏ ਗਏ। ਇਹ ਵਿਚਾਰ-ਚਰਚਾ ਦਰਅਸਲ ਕਹਾਣੀ ਦੇ ਸੰਚਾਰ ਦੇ ਵੱਖ-ਵੱਖ ਪੱਧਰਾਂ ਨੂੰ

ਪ੍ਰਗਟਾਉਂਦੀ ਹੈ। ਸੰਧੂ ਦੀਆਂ ਸਮੁੱਚੀਆਂ ਕਹਾਣੀਆਂ ਦੇ ਸੰਦਰਭ ਵਿਚ ਇਹ ਕਹਾਣੀ ਉਸ ਦੇ ਸਿਰਜਣਾਤਮਿਕ-ਜਗਤ ਦਾ ਕੋਈ ਨਵਾਂ ਪਾਸਾਰ ਨਹੀਂ ਜਾਪਦੀ ਕਿਉਂਕਿ ਉਸਦੀ ਸਿਰਜਣਾਤਮਿਕ ਸਮਰੱਥਾ ਦੇ ਜੋ ਪਾਸਾਰ ਉਸ ਦੀਆਂ 'ਡੂੰਮ', 'ਭੱਜੀਆਂ ਬਾਹੀਂ' ਅਤੇ 'ਚੌਥੀ ਕੂਟ' ਵਿਚ ਉਜਾਗਰ ਹੁੰਦੇ ਹਨ ਇਹ ਕਹਾਣੀ ਆਪਣੇ ਸਮੁੱਚ ਵਿਚ ਉਸ ਤਰ੍ਹਾਂ ਦੀ ਵਿਸ਼ੇ ਦੀ ਇਕਾਗਰਚਿਤ ਪੇਸ਼ਕਾਰੀ ਵੱਲ ਰੁਚਿਤ ਨਹੀਂ। ਉਂਝ ਇਸ ਕਹਾਣੀ ਦੇ ਜ਼ਿਕਰ ਦਾ ਕਾਰਨ ਇਸ ਗੱਲ ਵਿਚ ਨਜ਼ਰ ਆਉਂਦਾ ਹੈ ਕਿ ਸੰਧੂ ਦੀ ਰਚਨਾਤਮਿਕਤਾ ਬਾਕੀ ਸਮਕਾਲੀ ਕਹਾਣੀਕਾਰਾਂ ਦੇ ਮੁਕਾਬਲੇ ਆਪਣੇ ਵਸਤੂ ਦੀ ਤਤਕਾਲੀਨਤਾ ਤੋਂ ਵਿਥ ਸਿਰਜ ਕੇ ਕਹਾਣੀ ਲਿਖ ਸਕਣ ਦੀ ਸਮਰੱਥਾ ਹੈ, ਜਿਸ ਨੇ ਆਲੋਚਕਾਂ ਨੂੰ ਇਸ ਕਹਾਣੀ ਪ੍ਰਤੀ ਅਜਿਹੀ ਹਾਂ-ਪੱਖੀ ਪਹੁੰਚ ਅਪਣਾਉਣ ਲਈ ਮਜਬੂਰ ਕੀਤਾ।

ਆਲੋਚਕਾਂ ਦੀ ਬਿਰਤੀ ਆਮ ਤੌਰ 'ਤੇ ਰਚਨਾ ਦੀ ਰਚਨਾਤਮਿਕਤਾ ਦੇ ਵਿਸ਼ਲੇਸ਼ਣ ਵਲ ਨਹੀਂ ਪਰਤਦੀ ਸਗੋਂ ਖ਼ਾਸ ਤਤਕਾਲੀ ਵਿਸ਼ਿਆਂ ਉੱਪਰ ਲਿਖੀਆਂ ਰਚਨਾਵਾਂ ਦਾ ਹੀ ਸਤਹੀ ਜਿਹਾ ਵਿਸ਼ਲੇਸ਼ਣ ਕਰਨ ਤੱਕ ਸੀਮਤ ਰਹਿੰਦੀ ਹੈ। ਬਹੁਤੀ ਵਾਰ ਇਸੇ ਪਹੁੰਚ ਕਾਰਨ ਸਰਬਕਾਲੀ ਵਿਸ਼ਿਆਂ 'ਤੇ ਲਿਖੀਆਂ ਰਚਨਾਵਾਂ ਆਲੋਚਕਾਂ ਦੇ ਅਧਿਐਨ ਦਾ ਵਿਸ਼ਾ ਹੀ ਬਣਦੀਆਂ। ਇਹੀ ਕਾਰਨ ਹੈ ਕਿ ਆਪਣੀ ਮਾਨਸਿਕਤਾ ਅਨੁਸਾਰ ਸਹੀ ਢੁੱਕਦੇ ਵਿਸ਼ਿਆਂ ਸੰਬੰਧੀ ਲਿਖੀਆਂ ਰਚਨਾਵਾਂ ਨੂੰ ਹੀ ਬਹੁਤੇ ਆਲੋਚਕ ਅਧਿਐਨ -ਵਸਤੂ ਬਣਾਉਂਦੇ ਹਨ ਅਤੇ ਅਜਿਹਾ ਆਲੋਚਨਾ-ਕਾਰਜ ਅਧਿਐਨ-ਵਿਸ਼ਲੇਸ਼ਣ ਆਧਾਰਤ ਹੋਣ ਦੀ ਬਜਾਏ ਰਚਨਾ ਦੀ ਵਸਤੂ ਨਾਲ ਮਾਨਸਿਕ ਸਾਂਝ ਕਾਰਨ ਸਤਹੀ ਜਿਹੀ ਪੱਧਰ ਦਾ ਸਰਲ-ਵਿਆਖਿਆਈ ਕਾਰਜ ਹੀ ਹੋ ਨਿਬੜਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ (ਡੈੱਡ ਲਾਈਨ ਤੋਂ ਬਾਅਦ ਦੀਆਂ) ਅਨੇਕਾਂ ਅਜਿਹੀਆਂ ਕਹਾਣੀਆਂ ਸਾਡੇ ਆਲੋਚਕਾਂ ਦੀ ਦ੍ਰਿਸ਼ਟੀ ਤੋਂ ਪਰ੍ਹਾਂ ਹੀ ਰਹੀਆਂ, ਜਿਹੜੀਆਂ ਡੈੱਡ-ਲਾਈਨ ਕਥਾ-ਵਸਤੂ ਨਾਲ ਕਥਾ-ਵਸਤੂ ਦੀ ਦ੍ਰਿਸ਼ਟੀ ਤੋਂ ਸਾਂਝ ਨਹੀਂ ਸਨ ਰੱਖਦੀਆਂ। ਇਸ ਦ੍ਰਿਸ਼ਟੀ ਤੋਂ ਪ੍ਰੇਮ ਪ੍ਰਕਾਸ਼ ਦੀਆਂ ਅਨੇਕਾਂ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਸੰਬੰਧੀ ਅਜੇ ਚਰਚਾ ਆਰੰਭ ਹੀ ਨਹੀਂ ਹੋਇਆ—ਇਨ੍ਹਾਂ ਕਹਾਣੀਆਂ ਵਿਚ ਬੱਚੇ ਦੀ ਸ਼ਰਾਰਤ, ਮਾੜਾ ਬੰਦਾ ਅਤੇ ਬਾਪੂ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਪੰਜਾਬੀ ਕਹਾਣੀਕਾਰਾਂ ਵਿਚੋਂ ਬਹੁਤੇ ਕਹਾਣੀਕਾਰਾਂ ਦੇ ਕਥਾ-ਸੰਚਾਰ ਦੀ ਸਮੱਸਿਆ ਜਿਉਂ ਦੀ ਤਿਉਂ ਬਰਕਰਾਰ ਹੈ। ਅਸਲ ਵਿਚ ਸਾਹਿਤਕਤਾ ਦੇ ਸੰਚਾਰ ਦੀ ਸਮੱਸਿਆ ਦਾ ਹੱਲ ਏਨਾ ਸੌਖਾ ਨਹੀਂ ਜਿੰਨਾ ਕਈ ਵਾਰ ਸਮਝ ਲਿਆ ਜਾਂਦਾ ਹੈ। ਸੰਚਾਰ ਦਾ ਸਿੱਧਾ ਸੰਬੰਧ ਸਾਡੇ ਬੌਧਿਕ-ਪੱਧਰ ਨਾਲ ਹੈ। ਸੰਚਾਰ ਉਥੇ ਹੀ ਆਪਣੀ ਸੰਪੂਰਨਤਾ ਨੂੰ ਹੰਢਾਏਗਾ ਜਿਥੇ ਦੋਵੇਂ ਸੰਵਾਦੀ ਧਿਰਾਂ ਲੇਖਕ/ਰਚਨਾ ਅਤੇ ਪਾਠਕ ਥੋੜ੍ਹੇ ਬਹੁਤ ਫ਼ਰਕ ਨਾਲ ਇਕੋ ਬੌਧਿਕ ਉਚਾਈ 'ਤੇ ਬਿਰਜਾਮਾਨ ਹੋਣ । ਇਥੇ ਸਾਹਿਤ-ਪਰੰਪਰਾ ਦੇ ਸੰਦਰਭ ਵਿਚ ਲੇਖਕ ਦੀਆਂ ਜੁਗਤਾਂ ਅਤੇ ਪਾਠਕ ਦੀ ਸਾਹਿਤ ਦੀਆਂ ਜੁਗਤਾਂ ਨੂੰ ਮੁੜ ਖੋਲ ਕੇ ਸਮਝਣ ਦੀ ਸਹਿਜ-ਯੋਗਤਾ ਦੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਲੇਖਕ ਆਪਣੀ ਰਚਨਾ ਵਿਚ ਮੌਲਿਕਤਾ ਤੇ ਵੱਖਰਤਾ ਦਾ ਅੰਸ਼ ਲਿਆਉਂਦਾ ਹੋਇਆ ਵੀ ਸਾਹਿਤ-ਪਰੰਪਰਾ ਤੋਂ ਪਰਾਹਨ ਦੀ ਜੁਗਤ ਉਸ ਹੱਦ ਤੱਕ ਹੀ ਵਰਤ ਸਕਦਾ ਹੈ ਜਿਥੋਂ ਤੱਕ ਪਾਠਕ-ਵਰਗ ਦੀ ਸਹਿਜ-ਸਮਝ ਦਾ (ਕਲਪਨਾ ਸਮੇਤ) ਘੇਰਾ ਵਿਸ਼ਾਲ ਹੈ। ਇਹ ਵਿਸ਼ਾਲਤਾ ਵੀ ਅਸਲ ਵਿਚ ਪਰੰਪਰਾ ਨੇ ਹੀ ਨਿਰਧਾਰਿਤ ਕੀਤੀ ਹੁੰਦੀ ਹੈ।

ਰਚਨਾ ਅਤੇ ਪਾਠਕ ਦੀ ਬੌਧਿਕ ਪੱਧਰ ਦੀ ਸਾਂਝ ਹੀ ਅਸਲ ਵਿਚ ਸੰਚਾਰ ਦੇ ਸੰਪੂਰਨ ਹੋਣ ਦਾ ਅਧਾਰ ਬਣਦੀ ਹੈ। ਰਚਨਾ ਅੰਦਰਲਾ ਸੰਸਾਰ ਪਾਠਕ ਵੱਲੋਂ ਉਦੋਂ ਹੀ ਸਾਕਾਰ ਕੀਤਾ ਜਾਂਦਾ ਹੈ ਜਦੋਂ ਪਾਠਕ ਦੀ ਬੌਧਿਕਤਾ ਰਚਨਾ ਦੀ ਬੌਧਿਕਤਾ ਨਾਲ ਇਕਸੁਰਤਾ ਵਿਚ ਬੱਝਦੀ ਹੈ। ਲੇਖਕ ਰਚਨਾ ਰਾਹੀਂ ਮੁਖ਼ਾਤਵ ਹੋ ਰਿਹਾ ਹੁੰਦਾ ਹੈ। ਪਾਠਕ ਆਪਣੀ ਪੜ੍ਹਤ ਰਾਹੀਂ ਸੰਵਾਦ ਵਿਚ ਪੈਂਦਾ ਹੈ । ਜਦੋਂ ਇਹ ਸੰਵਾਦ ਸਟੈਟਿਕ ਸੰਬੰਧਾਂ/ਪੜ੍ਹਤ ਤੋਂ ਅੱਗੇ ਲੰਘ ਕੇ ਸਿਰਜਣਾਤਮਿਕ ਰੂਪ ਵਿਚ ਫੈਲਦਾ ਹੈ ਤਾਂ ਰਚਨਾ ਦੇ ਅਸਲ ਅਰਥ ਅਤੇ ਰਚਨਾ ਦਾ ਅਸਲ ਉਦੇਸ਼ ਸਾਕਾਰ ਹੋਣ ਲਗਦਾ ਹੈ। ਲੇਖਕ-ਪਾਠਕ ਦਾ ਰਿਸ਼ਤਾ ਅਸਲ ਵਿਚ ਇਸੇ ਸਿਰਜਣਾਤਮਿਕ ਸੂਤਰ ਵਿਚ ਬੱਝਾ ਹੋਇਆ ਹੁੰਦਾ ਹੈ। ਸਾਹਿਤ ਦੇ ਖੇਤਰ ਵਿਚ ਆਲੋਚਕ ਦੀ ਵੱਡੀ ਭੂਮਿਕਾ ਬਣੀ ਹੋਈ ਹੈ। ਦਰਅਸਲ ਆਲੋਚਕ ਅਸਲ ਵਿਚ ਉਹ ਉੱਚ ਦਰਜੇ ਦਾ ਪਾਠਕ ਹੁੰਦਾ ਹੈ, ਜਿਸ ਨੂੰ ਰਚਨਾ ਨੂੰ ਸਹੀ ਅਤੇ ਢੁੱਕਵੇਂ ਸੰਦਰਭਾਂ ਵਿਚ ਪੜ੍ਹਨਾ ਵੀ ਆਉਂਦਾ ਹੈ ਅਤੇ ਸਾਹਿਤ ਰਚਨਾ ਦੇ ਮਕਾਨਕੀ-ਸੂਤਰਾਂ ਦੀ ਵੀ ਸਿਧਾਂਤਕ ਜਾਣਕਾਰੀ ਹੁੰਦੀ ਹੈ। ਲੇਖਕ ਰਚਨਾ ਦੇ ਸਿਧਾਂਤ ਘੜਦਾ ਹੈ, ਆਲੋਚਕ ਇਨ੍ਹਾਂ ਘੜੇ ਸਿਧਾਂਤਾਂ ਨੂੰ ਪਛਾਣਦਾ ਅਤੇ ਵਿਆਖਿਆ-ਵਿਸ਼ਲੇਸ਼ਣ ਵਿਚ ਪਾ ਕੇ ਇਨ੍ਹਾਂ ਦੀ ਮੌਲਿਕ ਅਤੇ ਇਨ੍ਹਾਂ ਦੇ ਪਰੰਪਰਿਕ ਸੁਭਾਅ ਦੀ ਨਿਸ਼ਾਨਦੇਹੀ ਕਰਦਾ ਹੈ। ਪਾਠਕ ਰਚਨਾ ਨੂੰ ਭੋਗ ਕੇ, ਰਚਨਾ ਦਾ ਅਨੰਦ ਮਾਣਦਾ ਹੈ। ਲੇਖਕ ਪਾਠਕ ਅਤੇ ਆਲੋਚਕ ਅਸਲ ਵਿਚ ਇਕੋ ਕਾਰਜ ਵਿਚ ਜੁੱਟੀਆਂ ਤਿੰਨ ਧਿਰਾਂ ਹਨ। ਲੇਖਕ-ਧਿਰ ਯਥਾਰਥ ਨੂੰ ਪੁਨਰ ਸਿਰਜ ਕੇ ਰਚਨਾ ਰਾਹੀਂ ਪ੍ਰਸਤੁਤ ਕਰਦੀ ਹੈ। ਪਾਠਕ-ਧਿਰ-ਰਚਨਾ ਨੂੰ ਯਥਾਰਥ ਦੇ ਪੁਨਰ-ਭੋਗ ਵਜੋ ਭੋਗਦੀ ਹੈ ਅਤੇ ਯਥਾਰਥ ਨੂੰ ਰਚਨਾ ਰਾਹੀਂ ਮੁੜ ਜਿਉਂ ਕੇ ਦੇਖਦੀ ਹੈ ਅਤੇ ਆਲੋਚਕ-ਧਿਰ ਰਚਨਾ ਅੰਦਰਲੀ ਨਵੀਂ ਜੀਵਨ-ਉਸਾਰੀ ਦੇ ਨੇਮਾਂ ਦੀ ਨਿਰਖ-ਪਰਖ/ਅਧਿਐਨ ਕਰਨ ਉੱਪਰ ਕੇਂਦਰਿਤ ਹੈ।

ਸਾਹਿਤ ਦੀ ਹੋਂਦ ਅਤੇ ਹੋਣੀ ਅਸਲ ਵਿਚ ਇਨ੍ਹਾਂ ਤਿੰਨਾਂ ਧਿਰਾਂ ਦੇ ਸੰਵਾਦ ਰਾਹੀਂ ਨਿਰਧਾਰਤ ਹੋਣੀ ਹੁੰਦੀ ਹੈ। ਸਾਹਿਤ ਦੀ ਹੋਂਦ ਅਤੇ ਹੋਣੀ ਦੀ ਤ੍ਰੈਕੋਣੀ ਪਰਕਿਰਤੀ ਹੀ ਸਾਹਿਤ-ਰਚਨਾ ਨੂੰ ਜੀਵੰਤ ਬਣਾਉਂਦੀ ਹੈ। ਇਸ ਜੀਵੰਤ ਹੋਂਦ ਅਤੇ ਹੋਣੀ ਦੇ ਅਧਾਰ-ਸੂਤਰ ਅਸਲ ਵਿਚ ਪਾਠ/ਰਚਨਾ ਅਤੇ ਪੜ੍ਹਤ/ਪਾਠਕ ਦੇ ਸੰਵਾਦੀ ਰਿਸ਼ਤੇ ਵਿਚ ਮੌਜੂਦ ਹੁੰਦੇ ਹਨ। ਰਚਨਾ ਅਤੇ ਪਾਠਕ ਦੇ ਇਸ ਸੰਵਾਦ ਨੂੰ ਯਥਾਰਥ ਅਤੇ ਮਨੁੱਖ ਦੇ ਵਿਹਾਰਕ ਜੀਵਨ ਵਿਚਲੇ ਸੰਵਾਦ ਦੇ ਸਮਾਨਾਂਤਰ ਰੱਖ ਕੇ ਵੀ ਦੇਖਿਆ ਜਾ ਸਕਦਾ ਹੈ। ਰਚਨਾ ਅਤੇ ਪਾਠਕ ਦਾ ਸਾਹਿਤ-ਸੰਵਾਦੀ ਰਿਸ਼ਤਾ ਇਸੇ ਲਈ ਗਹਿਰਾ ਹੈ, ਕਿਉਂਕਿ ਇਹ ਯਥਾਰਥ ਅਤੇ ਮਨੁੱਖ ਦੇ ਰਿਸ਼ਤੇ ਦੀ ਅਧਾਰਸ਼ੀਲਾ ਨੂੰ ਅਪਣਾ ਕੇ ਅਗਲੇਰੀ ਉਸਾਰੀ ਦੇ ਰੂਪ ਵਿਚ ਪ੍ਰਸਤੁਤ ਹੋਇਆ ਹੁੰਦਾ ਹੈ। ਇਸੇ ਲਈ ਲੇਖਕ-ਪਾਠਕ-ਆਲੋਚਕ ਸੰਵਾਦ ਨੂੰ ਵਧੇਰੇ ਸੰਜੀਦਾ ਸੂਖ਼ਮਤਾਈ ਨਾਲ ਵਿਚਾਰਨ/ਸਮਝਣ ਦੀ ਲੋੜ ਹੁੰਦੀ ਹੈ।

ਲੇਖਕ, ਪਾਠਕ ਅਤੇ ਆਲੋਚਕ ਅਸਲ ਵਿਚ ਰਚਨਾ ਉੱਪਰ ਕੇਂਦਰਿਤ ਉਹ ਧਿਰਾਂ ਹਨ ਜਿਨ੍ਹਾਂ ਨੇ ਕਿਸੇ ਰਚਨਾ-ਪਾਠ ਨੂੰ ਸਿਰਜਣ, ਸੰਚਾਰਨ ਤੇ ਫਿਰ ਸਮਝਣ ਦੇ ਅਮਲਾਂ ਰਾਹੀਂ ਰਚਨਾ-ਪਾਠ ਦੀ ਸਮਾਜ ਪ੍ਰਤੀ ਭੂਮਿਕਾ ਨੂੰ ਪਛਾਣਨਾ ਹੁੰਦਾ ਹੈ। ਸਮਾਜ ਵਿਚ ਸਾਹਿਤ ਦੀ ਇਸ ਭੂਮਿਕਾ ਨੂੰ ਹੀ ਇਹ ਧਿਰਾਂ ਵਿਚਾਰਨ ਦੇ ਅਮਲ ਵਿਚ ਆਪੋ-ਆਪਣਾ ਕਰਮ ਨਿਭਾਉਂਦੀਆਂ ਹਨ। ਲੇਖਕ, ਪਾਠਕ ਅਤੇ ਆਲੋਚਕ ਦਾ ਇਹ ਸੰਵਾਦ ਇਕੋ ਸਮੇਂ ਜੀਵਨ ਯਥਾਰਥ ਨਾਲ ਵੀ ਆਪਣਾ ਰਿਸ਼ਤਾ ਬਣਾਈ ਰੱਖਦਾ ਹੈ ਅਤੇ ਉਸੇ ਸਮੇਂ ਮਨੁੱਖ ਦੀ ਸੂਝ ਵਿਚ ਪਨਪਦੇ ਭਵਿੱਖ ਦੇ ਸਰੂਪ ਨੂੰ ਵੀ ਇਹ ਸੰਵਾਦ ਸਾਕਾਰ ਕਰ ਰਿਹਾ ਹੁੰਦਾ ਹੈ। ਆਪਣੇ ਯਥਾਰਥ ਨਾਲ ਰਿਸ਼ਤੇ ਸਮੇਂ ਇਹ ਸੰਵਾਦ ਇਤਿਹਾਸ, ਮਿਥਿਹਾਸ ਤੱਕ ਫ਼ੈਲਦਾ ਹੈ ਅਤੇ ਆਪਣੇ ਭਵਿੱਖੀ-ਸੁਪਨੇ ਸਮੇਂ , ਇਹ ਮਨੁੱਖ ਦੀਆ ਕਾਲਪਨਿਕ ਉਡਾਰੀਆਂ ਦਾ ਸਾਕਾਰ ਸਰੂਪ ਘੜਦਾ ਹੋਇਆ ਨਜ਼ਰ ਆਉਂਦਾ ਹੈ। ਲੇਖਕ, ਪਾਠਕ ਅਤੇ ਆਲੋਚਕ ਦੀ ਇਹ ਸੰਵਾਦ-ਸਥਿਤੀ ਹੀ ਅਸਲ ਵਿਚ ਸਾਹਿਤ-ਸਿਰਜਣ-ਅਮਲ ਦਾ ਕੇਂਦਰ-ਬਿੰਦੂ ਹੈ ਅਤੇ ਸਾਹਿਤ-ਸਿਰਜਣ-ਅਮਲ ਦੇ ਆਦਿ ਅਤੇ ਵਰਤਮਾਨ ਦਾ ਚਿੰਤਨ-ਪ੍ਰਵਾਹ ਇਸੇ ਸੰਵਾਦ-ਪਰਿਕਰਮਾ ਵਿਚ ਨਿਭਦਾ ਹੈ ।

**ਅਧਾਰ ਪੁਸਤਕਾਵਲੀ**


੧. ਆਤਮਜੀਤ ਸਿੰਘ, **ਸਾਹਿਤਕੀ,** ਰਾਵੀਆ ਪ੍ਰਕਾਸ਼ਨ, ਅੰਮ੍ਰਿਤਸਰ, 1980.

੨. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1977.

੩. ਰਤਨ ਸਿੰਘ ਜੱਗੀ, (ਸੰਪ) **ਸਾਹਿਤ ਅਧਿਐਨ ਵਿਧੀਆਂ,** ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਪਟਿਆਲਾ, 1988.